
ਆਇਰਲੈਂਡ

An Roinn Dlí agus Cirt,
Gnóthaí Baile agus Imirce
Department of Justice,
Home Affairs and Migration

EUROPEAN UNION
AGENCY FOR ASYLUM

# ਤੁਹਾਨੂੰ EURODAC ਬਾਰੇ ਕੀ ਜਾਣਨ ਦੀ ਲੋੜ ਹੈ





PUNJABI

## ਮੈਨੂੰ ਇਹ ਬਰੋਸ਼ਰ ਕਿਉਂ ਦਿੱਤਾ ਗਿਆ ਹੈ?

ਤੁਹਾਨੂੰ ਇਹ ਬਰੋਸ਼ਰ ਇਸ ਲਈ ਮਿਲ ਰਿਹਾ ਹੈ ਕਿਉਂਕਿ ਤੁਹਾਡਾ ਬਾਇਓਮੈਟ੍ਰਿਕ ਡੇਟਾ ਅਥਾਰਿਟੀਜ਼ ਦੁਆਰਾ ਲੈਣ ਦੀ ਲੋੜ ਹੈ।



ਬਾਇਓਮੈਟ੍ਰਿਕ ਡੇਟਾ ਦਾ ਅਰਥ ਹੈ ਫਿੰਗਪ੍ਰਿੰਟ ਅਤੇ ਤੁਹਾਡੀ ਫ਼ੋਟੋਗ੍ਰਾਫ।



ਇਹ ਡੇਟਾ, ਤੁਹਾਡੀ ਪਛਾਣ ਅਤੇ ਹੋਰ ਸੰਬੰਧਿਤ ਜਾਣਕਾਰੀ ਦੇ ਨਾਲ, Eurodac ਡੇਟਾਬੇਸ ਵਿੱਚ ਟ੍ਰਾਂਸਮਿਟ ਕੀਤਾ ਜਾਵੇਗਾ।

ਇਸ ਪ੍ਰਕਿਰਿਆ ਦੌਰਾਨ ਤੁਹਾਡੇ ਅਧਿਕਾਰ ਅਤੇ ਤੁਹਾਡੇ ਤੋਂ ਕੀ ਉਮੀਦ ਕੀਤੀ ਜਾਂਦੀ ਹੈ, ਇਸ ਬਰੋਸ਼ਰ ਵਿੱਚ ਦੱਸਿਆ ਗਿਆ ਹੈ।

## EURODAC ਕੀ ਹੈ?

Eurodac ਇੱਕ ਯੂਰਪੀਅਨ ਡੇਟਾਬੇਸ ਹੈ ਜੋ EU+ ਦੇਸ਼ਾਂ ਵਿੱਚ ਦਾਖਲ ਹੋਣ ਵਾਲੇ ਕੁਝ ਸ਼੍ਰੇਣੀਆਂ ਦੇ ਵਿਅਕਤੀਆਂ ਬਾਰੇ ਜਾਣਕਾਰੀ ਸਟੋਰ ਕਰਦਾ ਹੈ ਅਤੇ ਤੁਲਨਾ ਕਰਦਾ ਹੈ। ਇਹਨਾਂ ਸ਼੍ਰੇਣੀਆਂ ਦਾ ਵੇਰਵਾ ਇਸ ਬਰੋਸ਼ਰ ਵਿੱਚ ਦਿੱਤਾ ਗਿਆ ਹੈ।

ਇਸ ਡੇਟਾਬੇਸ ਦੀ ਵਰਤੋਂ 31 EU+ ਦੇਸ਼ਾਂ ਦੁਆਰਾ ਕੀਤੀ ਜਾਂਦੀ ਹੈ ਜੋ ਤੁਹਾਡੇ ਡੇਟਾ ਦੀ ਪ੍ਰਕਿਰਿਆ ਕਰ ਸਕਦੇ ਹਨ ਅਤੇ ਤੁਹਾਡੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਜੇਕਰ ਤੁਸੀਂ ਬਿਨਾਂ ਇਜਾਜ਼ਤ ਦੇ ਕਿਸੇ ਹੋਰ EU+ ਦੇਸ਼ ਦੀ ਯਾਤਰਾ ਕਰਦੇ ਹੋ ਅਤੇ ਤੁਹਾਡਾ ਡੇਟਾ ਦੁਬਾਰਾ ਲਿਆ ਜਾਂਦਾ ਹੈ, ਤਾਂ Eurodac ਵਿੱਚ ਸਟੋਰ ਕੀਤਾ ਗਿਆ ਤੁਹਾਡਾ ਸਾਰਾ ਡੇਟਾ ਉਸ ਦੇਸ਼ ਦੇ ਅਧਿਕਾਰੀਆਂ ਦੁਆਰਾ ਦੇਖਿਆ ਜਾਵੇਗਾ। ਕੁਝ ਮਾਮਲਿਆਂ ਵਿੱਚ, ਤੁਹਾਡੇ ਡੇਟਾ ਨੂੰ ਨਵੀਂ ਜਾਣਕਾਰੀ ਨਾਲ ਅਪਡੇਟ ਕੀਤਾ ਜਾਵੇਗਾ।

## EU+ ਦੇਸ਼ ਕਿਹੜੇ ਹਨ?


**ਤੁਸੀਂ ਹੁਣ ਆਇਰਲੈਂਡ ਵਿੱਚ ਹੋ ਜੋ ਇੱਕ EU+ ਦੇਸ਼ ਹੈ।**
**EU+ ਦੇਸ਼ ਇਹ ਹਨ:**

- ਯੂਰਪੀਅਨ ਯੂਨੀਅਨ (EU) ਦੇ 27 ਮੈਂਬਰ ਰਾਜ: ਆਸਟਰੀਆ, ਬੈਲਜੀਅਮ, ਬੁਲਗਾਰੀਆ, ਕਰੋਸ਼ੀਆ, ਸਾਈਪ੍ਰਸ, ਚੈੱਕੀਆ, ਡੈਨਮਾਰਕ, ਐਸਟੋਨੀਆ, ਫਿਨਲੈਂਡ, ਫਰਾਂਸ, ਜਰਮਨੀ, ਗ੍ਰੀਸ, ਹੰਗਰੀ, ਇਟਲੀ, ਲਾਤਵੀਆ, ਲਿਥੁਆਨੀਆ, ਲਕਸਮਬਰਗ, ਮਾਲਟਾ, ਨੀਦਰਲੈਂਡ, ਪੋਲੈਂਡ, ਪੁਰਤਗਾਲ, ਆਇਰਲੈਂਡ ਗਣਰਾਜ, ਰੋਮਾਨੀਆ, ਸਲੋਵਾਕੀਆ, ਸਲੋਵੇਨੀਆ, ਸਪੇਨ, ਸਵੀਡਨ ਅਤੇ
- 4 ਹੋਰ ਦੇਸ਼ ਹਨ: ਆਈਸਲੈਂਡ, ਲੀਚਟਨਸਟਾਈਨ, ਨਾਰਵੇ, ਸਵਿਟਜ਼ਰਲੈਂਡ।

## Eurodac ਦਾ ਉਦੇਸ਼ ਕੀ ਹੈ?

Eurodac ਦੇ ਪੰਜ ਮੁੱਖ ਉਦੇਸ਼ ਹਨ:

- EU+ ਦੇਸ਼ਾਂ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਨਾ ਕਿ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦੀ ਜਾਂਚ ਕਰਨ ਲਈ ਕਿਹੜਾ ਦੇਸ਼ ਜ਼ਿੰਮੇਵਾਰ ਹੈ
- EU+ ਦੇਸ਼ਾਂ ਵਿੱਚ ਨਿਯਮਤ ਅਤੇ ਅਨਿਯਮਿਤ ਪ੍ਰਵਾਸ ਦੀ ਨਿਗਰਾਨੀ ਕਰਨ ਵਿੱਚ ਮਦਦ ਕਰਨਾ
- ਰਾਸ਼ਟਰੀ ਅਥਾਰਿਟੀਜ਼ ਵਿਚਕਾਰ ਜਾਣਕਾਰੀ ਸਾਂਝੀ ਕਰਨਾ ਅਤੇ ਅਪਰਾਧ ਅਤੇ ਅੱਤਵਾਦ ਨੂੰ ਰੋਕਣਾ
- ਇਹ ਯਕੀਨੀ ਬਣਾਉਣ ਲਈ ਕਿ ਯੂਰਪ ਵਿੱਚ ਆਉਣ ਵਾਲੇ ਬੱਚਿਆਂ ਦਾ ਪਤਾ ਲਗਾਇਆ ਜਾ ਸਕੇ ਅਤੇ ਉਹਨਾਂ ਦੀ ਸੁਰੱਖਿਆ ਕੀਤੀ ਜਾ ਸਕੇ
- ਇਹ ਯਕੀਨੀ ਬਣਾਉਣ ਲਈ ਕਿ ਵੀਜ਼ਾ ਵਰਗੇ ਪਹਿਲੂਆਂ ਬਾਰੇ ਜਾਣਕਾਰੀ ਵਾਲੇ ਹੋਰ ਯੂਰਪੀਅਨ ਡੇਟਾਬੇਸ ਸਹੀ ਢੰਗ ਨਾਲ ਕੰਮ ਕਰਦੇ ਹਨ।



## Eurodac ਵਿੱਚ ਕਿਸਦਾ ਡੇਟਾ ਸਟੋਰ ਕੀਤਾ ਜਾਂਦਾ ਹੈ?

Eurodac ਵਿੱਚ ਉਹਨਾਂ ਲੋਕਾਂ ਦਾ ਡੇਟਾ ਹੁੰਦਾ ਹੈ ਜੋ ਕਿਸੇ EU+ ਦੇਸ਼ ਦੇ ਨਾਗਰਿਕ ਨਹੀਂ ਹਨ ਜਿਨ੍ਹਾਂ ਨੇ:

- ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦਿੱਤੀ
- ਬਿਨਾਂ ਇਜਾਜ਼ਤ ਦੇ ਕਿਸੇ EU+ ਦੇਸ਼ ਦੀ ਸਰਹੱਦ ਪਾਰ ਕੀਤੀ
- ਸਮੁੰਦਰ ਵਿੱਚ ਬਚਾਏ ਜਾਣ ਤੋਂ ਬਾਅਦ ਕਿਸੇ EU+ ਦੇਸ਼ ਵਿੱਚ ਉਤਾਰ ਦਿੱਤਾ ਗਿਆ
- ਕਿਸੇ EU+ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ
- ਕਿਸੇ EU+ ਦੇਸ਼ ਵਿੱਚ ਇੱਕ ਰੀਸੈਟਲਮੈਂਟ ਜਾਂ ਹਿਉਮੈਨਿਟੇਰੀਅਨ ਐਡਮਿਸ਼ਨ ਪ੍ਰੋਗਰਾਮ ਜਾਂ ਰਾਸ਼ਟਰੀ ਰੀਸੈਟਲਮੈਂਟ ਪ੍ਰੋਗਰਾਮ ਰਾਹੀਂ ਪਹੁੰਚਿਆ
- ਉਨ੍ਹਾਂ ਨੂੰ ਅਸਥਾਈ ਸੁਰੱਖਿਆ ਦਿੱਤੀ ਗਈ ਹੈ।

## ਮੇਰਾ ਡੇਟਾ ਕੌਣ ਦੇਖ ਸਕਦਾ ਹੈ?

EU+ ਦੇਸ਼ ਦੇ ਰਾਸ਼ਟਰੀ ਸ਼ਰਣ ਅਧਿਕਾਰੀ ਤੁਹਾਡਾ ਬਾਇਓਮੈਟ੍ਰਿਕ ਡੇਟਾ ਲੈਣਗੇ ਅਤੇ ਇਸਨੂੰ ਹੋਰ ਸੰਬੰਧਿਤ ਡੇਟਾ ਦੇ ਨਾਲ, Eurodac ਨੂੰ ਭੇਜਣਗੇ ਅਤੇ ਤੁਲਨਾ ਦਾ ਨਤੀਜਾ ਪ੍ਰਾਪਤ ਕਰਨਗੇ।

ਕਾਨੂੰਨ ਲਾਗੂ ਕਰਨ ਵਾਲੇ ਸਹਿਯੋਗ ਲਈ EU ਏਜੰਸੀ ਅਤੇ ਰਾਸ਼ਟਰੀ ਪੁਲਿਸ ਗੰਭੀਰ ਅਪਰਾਧਾਂ ਅਤੇ ਅੱਤਵਾਦ ਨੂੰ ਰੋਕਣ, ਖੋਜਣ ਅਤੇ ਜਾਂਚ ਕਰਨ ਦੇ ਉਦੇਸ਼ ਲਈ Eurodac ਤੱਕ ਪਹੁੰਚ ਦੀ ਬੇਨਤੀ ਕਰ ਸਕਦੀ ਹੈ। ਉਹ Eurodac ਵਿੱਚ ਤੁਹਾਡੇ ਡੇਟਾ ਦੀ ਖੋਜ ਕਰ ਸਕਦੇ ਹਨ।

**ਮਹੱਤਵਪੂਰਨ!** ਤੁਹਾਡੇ ਘਰੇਲੂ ਦੇਸ਼ ਦੇ ਅਥਾਰਿਟੀਜ਼ ਇਸ ਜਾਣਕਾਰੀ ਤੱਕ ਪਹੁੰਚ ਕਰਨ ਦੇ ਯੋਗ ਨਹੀਂ ਹੋਣਗੇ।

## ਜੇਕਰ ਮੈਂ ਆਪਣੇ ਫਿੰਗਰਪ੍ਰਿੰਟ ਦੇਣ ਤੋਂ ਇਨਕਾਰ ਕਰ ਦਿਆਂ ਤਾਂ ਕੀ ਹੋਵੇਗਾ?



ਤੁਸੀਂ ਕਾਨੂੰਨ ਦੁਆਰਾ ਆਪਣਾ ਬਾਇਓਮੈਟ੍ਰਿਕ ਡੇਟਾ ਪ੍ਰਦਾਨ ਕਰਨ ਲਈ ਪਾਬੰਦ ਹੋ।

ਤੁਹਾਡੇ ਫਿੰਗਰਪ੍ਰਿੰਟਸ ਦੀ ਲੋੜ ਦੇ ਮਹੱਤਵਪੂਰਨ ਕਾਰਨ ਹਨ। ਜੇ ਤੁਸੀਂ ਅਸਾਇਲਮ ਲਈ ਅਰਜ਼ੀ ਦਿੱਤੀ ਹੈ, ਤਾਂ ਇਹ ਪ੍ਰਕਿਰਿਆ ਵਿੱਚ ਇੱਕ ਜ਼ਰੂਰੀ ਕਦਮ ਹੈ।

ਫਿੰਗਰਪ੍ਰਿੰਟ ਡੇਟਾ EU+ ਦੇਸ਼ਾਂ ਵਿੱਚ ਮੌਜੂਦ ਪਰਿਵਾਰਕ ਮੈਂਬਰਾਂ ਨੂੰ ਲੱਭਣ ਵਿੱਚ ਵੀ ਮਦਦ ਕਰ ਸਕਦਾ ਹੈ।

ਜੇਕਰ ਤੁਹਾਡੀਆਂ ਫਿੰਗਰਪ੍ਰਿੰਟ ਖਰਾਬ ਹੋ ਜਾਂਦੇ ਹਨ, ਤਾਂ ਭਵਿੱਖ ਵਿੱਚ ਫਿੰਗਰਪ੍ਰਿੰਟ ਦੁਬਾਰਾ ਲਏ ਜਾਣਗੇ।

ਜੇਕਰ ਤੁਸੀਂ ਜਾਣਬੁੱਝ ਕੇ ਆਪਣੇ ਫਿੰਗਰਪ੍ਰਿੰਟ ਨੂੰ ਨੁਕਸਾਨ ਪਹੁੰਚਾਉਂਦੇ ਹੋ, ਤਾਂ ਇਸਦੇ ਨਕਾਰਾਤਮਕ ਨਤੀਜੇ ਹੋਣਗੇ।

ਉਦਾਹਰਣ ਵਜੋਂ, ਜੇਕਰ ਤੁਸੀਂ ਅਸਾਇਲਮ ਲਈ ਅਰਜ਼ੀ ਦਿੱਤੀ ਹੈ, ਤਾਂ ਪ੍ਰਕਿਰਿਆ ਨੂੰ ਰੋਕਿਆ ਜਾ ਸਕਦਾ ਹੈ।

ਜੇਕਰ ਤੁਹਾਡੇ ਕੇਸ ਵਿੱਚ ਪ੍ਰਕਿਰਿਆ ਨੂੰ ਰੋਕ ਦਿੱਤਾ ਜਾਂਦਾ ਹੈ, ਤਾਂ ਇਸਦਾ ਮਤਲਬ ਹੈ ਕਿ ਤੁਹਾਨੂੰ ਹੁਣ ਬਿਨੈਕਾਰ (ਅਸਾਇਲਮ ਮੰਗਣ ਵਾਲਾ) ਨਹੀਂ ਮੰਨਿਆ ਜਾਵੇਗਾ। ਤੁਸੀਂ ਹੁਣ ਅਤੇ ਭਵਿੱਖ ਵਿੱਚ ਉਸ ਸਥਿਤੀ ਨਾਲ ਜੁੜੇ ਸਾਰੇ ਅਧਿਕਾਰ ਗੁਆ ਦੇਵੋਗੇ।

EU+ ਦੇਸ਼ਾਂ ਦੇ ਅਥਾਰਿਟੀਜ਼ ਤੁਹਾਡਾ ਬਾਇਓਮੈਟ੍ਰਿਕ ਡੇਟਾ ਪ੍ਰਾਪਤ ਕਰਨ ਲਈ ਆਖਰੀ ਉਪਾਅ ਵਜੋਂ ਜ਼ਬਰਦਸਤੀ ਦੀ ਵਰਤੋਂ ਕਰ ਸਕਦੇ ਹਨ। ਉਹ ਤੁਹਾਡੀ ਪਛਾਣ ਨਿਰਧਾਰਤ ਕਰਨ ਜਾਂ ਪੁਸ਼ਟੀ ਕਰਨ ਲਈ ਆਖਰੀ ਉਪਾਅ ਵਜੋਂ ਤੁਹਾਨੂੰ ਹਿਰਾਸਤ ਵਿੱਚ ਵੀ ਲੈ ਸਕਦੇ ਹਨ।

ਜੇਕਰ ਤੁਸੀਂ ਇਸ ਦੇਸ਼ ਦੇ ਅਥਾਰਿਟੀਜ਼ ਨੂੰ ਆਪਣਾ ਫਿੰਗਰਪ੍ਰਿੰਟ ਡੇਟਾ ਪ੍ਰਦਾਨ ਕਰਨ ਤੋਂ ਇਨਕਾਰ ਕਰਦੇ ਹੋ, ਤਾਂ ਇਸਦੇ ਖਾਸ ਨਤੀਜੇ ਹੋਣਗੇ।

ਇਸ ਦੇਸ਼ ਦੇ ਅਧਿਕਾਰੀਆਂ ਨੂੰ ਆਪਣਾ ਫਿੰਗਰਪ੍ਰਿੰਟ ਡੇਟਾ ਪ੍ਰਦਾਨ ਕਰਨ ਤੋਂ ਇਨਕਾਰ ਕਰਨਾ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਲਈ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਨੂੰ ਅਸਪਸ਼ਟ ਤੌਰ 'ਤੇ ਵਾਪਸ ਲੈਣ ਦਾ ਇੱਕ ਆਧਾਰ ਹੈ।

## ਮੇਰੇ Eurodac ਡੇਟਾ ਬਾਰੇ ਮੇਰੇ ਕੀ ਅਧਿਕਾਰ ਹਨ?

ਹਰੇਕ EU+ ਦੇਸ਼ ਕੋਲ ਇੱਕ ਅਥਾਰਟੀ ਹੈ ਜੋ ਡੇਟਾ ਵਰਤੋਂ ਨੂੰ ਕੰਟਰੋਲ ਕਰਦੀ ਹੈ। ਤੁਹਾਨੂੰ ਡਾਟਾ ਕੰਟਰੋਲਰ ਅਤੇ ਡਾਟਾ ਪ੍ਰੋਟੈਕਸ਼ਨ ਅਫ਼ਸਰ ਨਾਲ ਸੰਪਰਕ ਕਰਨ ਦਾ ਹੱਕ ਹੈ ਅਤੇ Eurodac ਵਿੱਚ ਸੁਰੱਖਿਅਤ ਕੀਤੇ ਤੁਹਾਡੇ ਡਾਟਾ ਤੱਕ ਪਹੁੰਚ ਦੀ ਬੇਨਤੀ ਕਰ ਸਕਦੇ ਹੋ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਜਾਣਕਾਰੀ ਗਲਤ ਹੈ, ਤਾਂ ਤੁਸੀਂ ਇਸਨੂੰ ਠੀਕ ਕਰਨ ਲਈ ਕਹਿ ਸਕਦੇ ਹੋ:

- ਜੇਕਰ ਤੁਹਾਨੂੰ ਲੱਗਦਾ ਹੈ ਕਿ ਇਹ ਹੈ ਤਾਂ ਤੁਸੀਂ ਆਪਣੀ ਜਾਣਕਾਰੀ ਨੂੰ ਠੀਕ ਕਰਨ ਦੀ ਬੇਨਤੀ ਕਰ ਸਕਦੇ ਹੋ:
- ਗਲਤ ਹੈ ਅਤੇ ਇਸਨੂੰ ਠੀਕ ਕਰਨ ਦੀ ਲੋੜ ਹੈ

ਅਧੂਰੀ ਹੈ ਅਤੇ ਇਸਨੂੰ ਅੱਪਡੇਟ ਕਰਨ ਦੀ ਲੋੜ ਹੈ

- Eurodac ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਇਆ।

ਤੁਸੀਂ ਇਸ ਬਰੋਸ਼ਰ ਦੇ ਅੰਤਮ ਪੰਨੇ 'ਤੇ ਡੇਟਾ ਕੰਟਰੋਲਰ ਅਤੇ ਡੇਟਾ ਸੁਰੱਖਿਆ ਅਫ਼ਸਰ ਦੇ ਸੰਪਰਕ ਵੇਰਵੇ ਲੱਭ ਸਕਦੇ ਹੋ, ਜਿਸਦਾ ਸਿਰਲੇਖ '**ਹੋਰ ਉਪਯੋਗੀ ਜਾਣਕਾਰੀ**' ਹੈ।

ਜੇਕਰ ਤੁਸੀਂ ਆਪਣੇ ਡੇਟਾ ਦੇ ਪ੍ਰਬੰਧਨ ਬਾਰੇ ਇੱਕ ਰਸਮੀ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਰਾਸ਼ਟਰੀ ਨਿਗਰਾਨੀ ਅਥਾਰਟੀ ਨਾਲ ਸੰਪਰਕ ਕਰ ਸਕਦੇ ਹੋ।

ਤੁਸੀਂ ਇਸ ਬਰੋਸ਼ਰ ਦੇ ਅੰਤਮ ਪੰਨੇ 'ਤੇ ਰਾਸ਼ਟਰੀ ਨਿਗਰਾਨੀ ਅਥਾਰਟੀ ਲਈ ਸੰਪਰਕ ਵੇਰਵੇ ਲੱਭ ਸਕਦੇ ਹੋ।

# ਹੋਰ ਉਪਯੋਗੀ ਜਾਣਕਾਰੀ

## ਡੇਟਾ ਕੰਟਰੋਲਰ ਦੇ ਦਫ਼ਤਰ ਦੇ ਸੰਪਰਕ ਵੇਰਵਿਆਂ ਬਾਰੇ ਜਾਣਕਾਰੀ

ਹੇਠਾਂ ਤੁਸੀਂ ਇਸ ਦੇਸ਼ ਵਿੱਚ ਡੇਟਾ ਕੰਟਰੋਲਰ ਦੇ ਦਫ਼ਤਰ ਅਤੇ ਡੇਟਾ ਸੁਰੱਖਿਆ ਅਫ਼ਸਰ ਨਾਲ ਕਿਵੇਂ ਸੰਪਰਕ ਕਰਨਾ ਹੈ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਡੇਟਾ ਕੰਟਰੋਲਰ ਤੁਹਾਨੂੰ ਦੱਸ ਸਕਦਾ ਹੈ ਕਿ ਤੁਹਾਡੇ ਕਿਹੜੇ ਨਿੱਜੀ ਡੇਟਾ ਨੂੰ Eurodac ਵਿੱਚ ਸਟੋਰ ਕੀਤਾ ਗਿਆ ਹੈ। ਜੇਕਰ ਤੁਹਾਡਾ ਨਿੱਜੀ ਡੇਟਾ ਸਹੀ ਢੰਗ ਨਾਲ ਸਟੋਰ ਨਹੀਂ ਕੀਤਾ ਗਿਆ ਹੈ, ਤਾਂ ਤੁਸੀਂ ਇਸ ਡੇਟਾ ਨੂੰ ਠੀਕ ਕਰਨ ਦੀ ਬੇਨਤੀ ਕਰ ਸਕਦੇ ਹੋ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਕਿਸੇ ਵੀ ਜਾਣਕਾਰੀ ਨੂੰ ਗੈਰ-ਕਾਨੂੰਨੀ ਢੰਗ ਨਾਲ ਸੰਭਾਲਿਆ ਗਿਆ ਹੈ ਤਾਂ ਤੁਸੀਂ ਹੇਠਾਂ ਦਿੱਤੀ ਸੰਪਰਕ ਜਾਣਕਾਰੀ ਦੀ ਵਰਤੋਂ ਕਰਕੇ ਇਸ ਜਾਣਕਾਰੀ ਨੂੰ ਮਿਟਾਉਣ ਦੀ ਬੇਨਤੀ ਕਰ ਸਕਦੇ ਹੋ।

ਡਾਟਾ ਕੰਟਰੋਲਰ ਦੇ ਸੰਪਰਕ ਵੇਰਵੇ ਹਨ: ਇੰਟਰਨੈਸ਼ਨਲ ਪ੍ਰੋਟੈਕਸ਼ਨ ਆਫਿਸ, ਇਮੀਗ੍ਰੇਸ਼ਨ ਸਰਵਿਸ ਡਿਲੀਵਰੀ, 79-83 ਲੋਅਰ ਮਾਊਂਟ ਸਟ੍ਰੀਟ, ਡਬਲਿਨ 2, D02 ND99 ਜਾਂ info@ipo.gov.ie

## ਡਾਟਾ ਵਿਸ਼ੇ ਦੇ ਅਧਿਕਾਰਾਂ ਬਾਰੇ ਜਾਣਕਾਰੀ

ਇਸ ਦੇਸ਼ ਵਿੱਚ, ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਸੰਬੰਧੀ ਤੁਹਾਡੇ ਕੋਲ ਹੇਠ ਲਿਖੇ ਖਾਸ ਅਧਿਕਾਰ ਹਨ।

ਤੁਹਾਡੇ ਡੇਟਾ ਸੁਰੱਖਿਆ ਅਧਿਕਾਰਾਂ ਦੇ ਸੰਬੰਧ ਵਿੱਚ ਵੇਰਵੇ ਨਿਆਂ ਵਿਭਾਗ, ਗ੍ਰਹਿ ਮਾਮਲੇ ਅਤੇ ਪ੍ਰਵਾਸ ਡੇਟਾ ਸੁਰੱਖਿਆ ਨੀਤੀ ਵਿੱਚ ਮਿਲ ਸਕਦੇ ਹਨ ਜੋ https://assets.gov.ie/static/documents/department-of-justice-data-protection-policy.pdf 'ਤੇ ਉਪਲਬਧ ਹੈ। ਤੁਸੀਂ ਨਿਆਂ, ਗ੍ਰਹਿ ਮਾਮਲੇ ਅਤੇ ਪ੍ਰਵਾਸ ਵਿਭਾਗ ਦੇ ਡੇਟਾ ਸੁਰੱਖਿਆ ਅਧਿਕਾਰੀ ਨਾਲ ਈਮੇਲ ਰਾਹੀਂ ਸੰਪਰਕ ਕਰ ਸਕਦੇ ਹੋ: dataprotectioncompliance@justice.ie

## ਰਾਸ਼ਟਰੀ ਨਿਗਰਾਨੀ ਅਥਾਰਿਟੀਜ਼ ਦੇ ਸੰਪਰਕ ਵੇਰਵਿਆਂ ਬਾਰੇ ਜਾਣਕਾਰੀ

ਤੁਸੀਂ ਇਸ ਦੇਸ਼ ਵਿੱਚ ਰਾਸ਼ਟਰੀ ਨਿਗਰਾਨੀ ਅਥਾਰਟੀ ਨਾਲ ਸੰਪਰਕ ਕਰਨ ਲਈ ਹੇਠਾਂ ਦਿੱਤੀ ਜਾਣਕਾਰੀ ਦੀ ਵਰਤੋਂ ਕਰ ਸਕਦੇ ਹੋ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਕਿਸੇ ਵੀ ਨਿੱਜੀ ਡੇਟਾ ਨੂੰ ਗੈਰ-ਕਾਨੂੰਨੀ ਢੰਗ ਨਾਲ ਸੰਭਾਲਿਆ ਗਿਆ ਹੈ ਤਾਂ ਤੁਸੀਂ ਰਾਸ਼ਟਰੀ ਨਿਗਰਾਨੀ ਅਥਾਰਟੀ ਨੂੰ ਰਸਮੀ ਸ਼ਿਕਾਇਤ ਕਰ ਸਕਦੇ ਹੋ।

ਡੇਟਾ ਪ੍ਰੋਟੈਕਸ਼ਨ ਕਮਿਸ਼ਨ ਦੇ ਸੰਪਰਕ ਵੇਰਵੇ ਹਨ: 6 ਪੈਮਬਰੋਕ ਰੋ, ਡਬਲਿਨ 2, D02 X963 ਜਾਂ ਤੁਸੀਂ ਉਹਨਾਂ ਨਾਲ ਔਨਲਾਈਨ https://forms.dataprotection.ie/contact 'ਤੇ ਸੰਪਰਕ ਕਰ ਸਕਦੇ ਹੋ।

euaa
EUROPEAN UNION
AGENCY FOR ASYLUM

An Roinn Dlí agus Cirt,
Gnóthaí Baile agus Imirce
Department of Justice,
Home Affairs and Migration

ਇਹ ਬਰੋਸ਼ਰ ਸਿਰਫ਼ ਜਾਣਕਾਰੀ ਦੇਣ ਲਈ ਹੈ। ਇਹ ਆਪਣੇ ਆਪ ਵਿੱਚ ਕੋਈ ਨਵੇਂ ਅਧਿਕਾਰ ਜਾਂ ਜ਼ਿੰਮੇਵਾਰੀਆਂ ਨਹੀਂ ਬਣਾਉਂਦਾ। ਇਹ ਸਮੱਗਰੀ ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ (EUAA) ਦੁਆਰਾ ਤਿਆਰ ਕੀਤੀ ਗਈ ਹੈ। EUAA ਨੇ ਇਹ ਮਾਲਿਕਾਨਾ EU ਮੈਂਬਰ ਦੇਸ਼ਾਂ ਲਈ ਦਿੱਤਾ ਹੈ ਅਤੇ ਉਹਨਾਂ ਨੂੰ ਇਸਦੀ ਪ੍ਰਤੀ ਜਾਂ ਸੋਧ ਕਰਨ ਦੀ ਆਗਿਆ ਹੈ। EUAA ਇਸ ਬਰੋਸ਼ਰ ਵਿੱਚ EU ਮੈਂਬਰ ਰਾਜਾਂ ਜਾਂ ਕਿਸੇ ਹੋਰ ਜ਼ਿੰਮੇਵਾਰ ਤੀਜੀ ਧਿਰ ਦੁਆਰਾ ਸ਼ਾਮਲ ਜਾਣਕਾਰੀ ਦੀ ਸ਼ੁੱਧਤਾ, ਸਮੱਗਰੀ, ਸੰਪੂਰਨਤਾ, ਕਾਨੂੰਨੀਤਾ ਜਾਂ ਭਰੋਸੇਯੋਗਤਾ ਲਈ ਕੋਈ ਜ਼ਿੰਮੇਵਾਰੀ ਜਾਂ ਦੇਣਦਾਰੀ ਸਵੀਕਾਰ ਨਹੀਂ ਕਰਦਾ ਹੈ। EUAA ਇਸ ਬਰੋਸ਼ਰ ਵਿੱਚ ਸ਼ਾਮਲ ਜਾਣਕਾਰੀ ਦੀ ਸ਼ੁੱਧਤਾ, ਪੂਰਨਤਾ ਜਾਂ ਭਰੋਸੇਯੋਗਤਾ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ।
ਇਸ ਜਾਣਕਾਰੀ ਦੀ ਵਰਤੋਂ ਤੁਹਾਡੀ ਆਪਣੀ ਜ਼ਿੰਮੇਵਾਰੀ ਹੈ।

© ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ, 2025